**Media Release**

30 August 2018

## BSA finds Punjabi talkback programme *Panthic Vichar* breached the Radio Code fairness standard

The Broadcasting Standards Authority (**BSA**) has found that a segment on Punjabi talkback programme, *Panthic Vichar*, broadcast on community radio station, Planet FM, breached the fairness standard.

During a talkback item, the host made a number of serious allegations about the conduct of the complainants and their involvement in a recent kabaddi tournament. He implied that one of the complainants, a kabaddi sports club, was misusing grant money that had been paid for the benefit of the community, and that the complainants cheated or pressured referees to change the results of a semi-final kabaddi tournament match.

At the time of broadcast, the host invited the complainants to phone in to the radio programme to clarify their position. The complainants were not given the opportunity to respond to the allegations prior to broadcast, or to have their views broadcast on air at the time the allegations were made.

The BSA upheld the complaint under the fairness standard, finding that the host's comments reflected negatively on the complainants and they should have been given an opportunity to respond. The invitation to call in to the broadcast, at the time the adverse comments were made, was not sufficient to discharge the broadcaster's obligations under the fairness standard.

"In order to comply with the standard, the broadcaster was required to seek the complainants' views prior to broadcast and to include those views in the broadcast at the time the allegations, or adverse comments, were made."

The BSA recognised that the issues covered in the programme carried public interest for the target audience. It recognised that the expression of ideas, however critical or unpopular, on matters of public interest to the community is fundamental to free speech principles. However, where the host's comments had the potential to adversely affect the complainants, the complainants should have been given the opportunity to respond, prior to broadcast, to the negative comments made about them.

The Authority did not make any orders, recording that the publication of the decision was sufficient to publicly notify and censure the broadcaster's conduct.

ENDS

**For more information contact Catie Murray on 021 623 794.**

## FURTHER INFORMATION

Kabaddi is a contact sport originating in India. It involves two teams of seven players, with a single player known as the raider who scores paints for their team. 10 teams participated at the kabaddi tournament referred to in the broadcast, during the Takanini Gurudwara 13th anniversary celebrations in March 2018.

The programme was broadcast on 12 March 2018 on Planet FM. The full decision is available at http://bsa.govt.nz/decisions/latest. The decision was made under the Radio Code of Broadcasting Practice which is available at http://bsa.govt.nz/standards/overview.

The below translation has been prepared by the Translation Service at the Department of Internal Affairs.

## ABOUT THE BROADCASTING STANDARDS AUTHORITY

The BSA is an independent Crown entity that oversees the broadcasting standards regime in New Zealand. The BSA determines complaints that broadcasts have breached standards, undertakes research and oversees the development of broadcasting standards in consultation with broadcasters.

The Authority members are Peter Radich (Chair), Te Raumawhitu Kupenga, Paula Rose and Wendy Palmer.

**For more information see our website: www.bsa.govt.nz**

BROADCASTING STANDARDS AUTHORITY
TE MANA WHANONGA KAIPĀHO

ਪ੍ਰੈੱਸ ਬਿਆਨ

30 ਅਗਸਤ 2018

---

**ਬੀਐੱਸਏ ਨੇ ਪਾਇਆ ਕਿ ਪੰਜਾਬੀ ਟਾਕਬੈਕ ਪ੍ਰੋਗਰਾਮ *ਪੰਥਕ ਵਿਚਾਰ* ਰੇਡੀਓ ਨੇ ਨਿਰਪੱਖਤਾ ਦੇ ਮਿਆਰ ਦੀ ਉਲੰਘਣਾ ਕੀਤੀ ਹੈ।**

ਬ੍ਰਾਡਕਾਸਟਿੰਗ ਸਟੈਂਡਰਡਜ਼ ਅਥਾਰਟੀ (ਬੀਐੱਸਏ) ਨੇ ਪਾਇਆ ਹੈ ਕਿ ਪੰਜਾਬੀ ਟਾਕਬੈਕ ਪ੍ਰੋਗਰਾਮ ਦੇ ਇੱਕ ਹਿੱਸੇ *ਪੰਥਕ ਵਿਚਾਰ*, ਜੋ ਕਮਿਊਨਿਟੀ ਰੇਡੀਓ ਸਟੇਸ਼ਨ, ਪਲੈਨੇਟ ਐੱਫ਼ਐੱਮ 'ਤੇ ਪ੍ਰਸਾਰਿਤ ਹੋਇਆ,ਨੇ ਨਿਰਪੱਖਤਾ ਦੇ ਮਿਆਰ ਦੀ ਉਲੰਘਣਾ ਕੀਤੀ ਹੈ।

ਟਾਕਬੈਕ ਦੀ ਇੱਕ ਮੱਦ ਦੌਰਾਨ, ਮੇਜ਼ਬਾਨ ਨੇ ਸ਼ਿਕਾਇਤਕਰਤਾਵਾਂ ਦੇ ਵਿਵਹਾਰ ਅਤੇ ਇੱਕ ਹਾਲੀਆ ਕਬੱਡੀ ਟੂਰਨਾਮੈਂਟ 'ਚ ਉਨ੍ਹਾਂ ਦੀ ਸ਼ਮੂਲੀਅਤ ਬਾਰੇ ਕਈ ਗੰਭੀਰ ਦੋਸ਼ ਲਾਏ। ਉਨ੍ਹਾਂ ਇਸ਼ਾਰਾ ਕੀਤਾ ਕਿ ਸ਼ਿਕਾਇਤਕਰਤਾਵਾਂ ਵਿੱਚੋਂ ਇੱਕ ਕਬੱਡੀ ਸਪੋਰਟਸ ਕਲੱਬ ਨੇ ਗ੍ਰਾਂਟ ਦੇ ਉਸ ਧਨ ਦੀ ਦੁਰਵਰਤੋਂ ਕੀਤੀ ਸੀ, ਜਿਸ ਦੀ ਅਦਾਇਗੀ ਭਾਈਚਾਰੇ ਦੇ ਫਾਇਦੇ ਲਈ ਕੀਤੀ ਗਈ ਸੀ, ਅਤੇ ਇਹ ਵੀ ਕਿਹਾ ਕਿ ਸ਼ਿਕਾਇਤਕਰਤਾਵਾਂ ਨੇ ਧੋਖਾਧੜੀ ਕੀਤੀ ਜਾਂ ਸੈਮੀ-ਫ਼ਾਈਨਲ ਕਬੱਡੀ ਟੂਰਨਾਮੈਂਟ ਮੈਚ ਦੇ ਨਤੀਜੇ ਬਦਲਣ ਲਈ ਰੈਫ਼ਰੀਆਂ 'ਤੇ ਦਬਾਅ ਪਾਇਆ।

ਪ੍ਰਸਾਰਣ ਦੇ ਸਮੇਂ, ਮੇਜ਼ਬਾਨ ਨੇ ਸ਼ਿਕਾਇਤਕਰਤਾਵਾਂ ਨੂੰ ਰੇਡੀਓ ਪ੍ਰੋਗਰਾਮ 'ਚ ਫ਼ੋਨ ਕਰ ਕੇ ਆਪੋ-ਆਪਣੀ ਪੁਜ਼ੀਸ਼ਨ ਸਪੱਸ਼ਟ ਕਰਨ ਲਈ ਸੱਦਿਆ। ਪ੍ਰਸਾਰਣ ਤੋਂ ਪਹਿਲਾਂ ਸ਼ਿਕਾਇਤਕਰਤਾਵਾਂ ਨੂੰ ਦੋਸ਼ਾਂ ਦਾ ਜਵਾਬ ਦੇਣ ਜਾਂ ਪ੍ਰਸਾਰਿਤ ਹੋ ਰਹੇ ਪ੍ਰੋਗਰਾਮ ਵਿੱਚ ਦੋਸ਼ ਲਾਏ ਜਾਣ ਸਮੇਂ ਆਪਣੇ ਵਿਚਾਰ ਰੱਖਣ ਦਾ ਮੌਕਾ ਨਹੀਂ ਦਿੱਤਾ ਗਿਆ ਸੀ।

ਬੀਐੱਸਏ ਨੇ ਨਿਰਪੱਖਤਾ ਦੇ ਮਿਆਰ ਅਧੀਨ ਦਾਇਰ ਕੀਤੀ ਸ਼ਿਕਾਇਤ ਨੂੰ ਦਰੁਸਤ ਕਰਾਰ ਦਿੰਦਿਆਂ ਇਹ ਪਾਇਆ ਕਿ ਮੇਜ਼ਬਾਨ ਦੀਆਂ ਟਿੱਪਣੀਆਂ ਸ਼ਿਕਾਇਤਕਰਤਾਵਾਂ 'ਤੇ ਨਾਕਾਰਾਤਮਕ ਢੰਗ ਨਾਲ ਕੀਤੀਆਂ ਗਈਆਂ ਅਤੇ ਉਨ੍ਹਾਂ ਨੂੰ ਜਵਾਬ ਦੇਣ ਦਾ ਇੱਕ ਮੌਕਾ ਦੇਣਾ ਚਾਹੀਦਾ ਸੀ। ਪ੍ਰਸਾਰਿਤ ਲਈ ਕਾਲ ਵਾਸਤੇ ਸੱਦਦੇ ਸਮੇਂ ਉਲਟ ਕਿਸਮ ਦੀਆਂ ਟਿੱਪਣੀਆਂ ਕੀਤੀਆਂ ਗਈਆਂ ਸਨ, ਜੋ ਕਿ ਨਿਰਪੱਖਤਾ ਦੇ ਮਿਆਰ ਅਧੀਨ ਬ੍ਰਾਡਕਾਸਟਰ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਲਈ ਕਾਫ਼ੀ ਨਹੀਂ ਸੀ।

"ਮਿਆਰ ਦੀ ਪਾਲਣਾ ਕਰਨ ਲਈ, ਬ੍ਰਾਡਕਾਸਟਰ ਨੂੰ ਪ੍ਰਸਾਰਣ ਤੋਂ ਪਹਿਲਾਂ ਸ਼ਿਕਾਇਤਕਰਤਾਵਾਂ ਦੇ ਵਿਚਾਰ ਜਾਣਨੇ ਚਾਹੀਦੇ ਸਨ ਅਤੇ ਦੋਸ਼ ਲਾਉਂਦੇ ਸਮੇਂ ਜਾਂ ਵਿਰੋਧੀ ਟਿੱਪਣੀਅ ਕਰਦੇ ਸਮੇਂ ਉਨ੍ਹਾਂ ਵਿਚਾਰਾਂ ਨੂੰ ਪ੍ਰਸਾਰਣ ਵਿੱਚ ਸ਼ਾਮਲ ਕਰਨਾ ਚਾਹੀਦਾ ਸੀ।"

ਬੀਐੱਸਏ ਨੇ ਇਹ ਮੰਨਿਆ ਕਿ ਪ੍ਰੋਗਰਾਮ ਵਿੱਚ ਲਏ ਗਏ ਮੁੱਦੇ ਟੀਚਾਗਤ ਸਰੋਤਿਆਂ ਲਈ ਜਨਹਿਤ ਦੇ ਸਨ। ਇਸ ਨੇ ਮੰਨਿਆ

ਕਿ ਭਾਈਚਾਰੇ ਲਈ ਜਨਹਿਤ ਦੇ ਮਾਮਲਿਆਂ ਬਾਰੇ ਵਿਚਾਰਾਂ ਦਾ ਪ੍ਰਗਟਾਵਾ, ਭਾਵੇਂ ਕੁਝ ਆਲੋਚਨਾਤਮਕ ਸੀ ਜਾਂ ਨਾਪਸੰਦ ਕੀਤਾ ਗਿਆ, ਖੁੱਲ੍ਹ ਕੇ ਬੋਲਣ ਦੇ ਸਿਧਾਂਤਾਂ ਲਈ ਬੁਨਿਆਦੀ ਹੈ। ਉਂਝ, ਜਿੱਥੇ ਵੀ ਮੇਜ਼ਬਾਨ ਦੀਆਂ ਟਿੱਪਣੀਆਂ ਦੇ ਸ਼ਿਕਾਇਤਕਰਤਾਵਾਂ 'ਤੇ ਮਾੜਾ ਅਸਰ ਪੈਣ ਦੀ ਸੰਭਾਵਨਾ ਸੀ, ਸ਼ਿਕਾਇਤਕਰਤਾਵਾਂ ਨੂੰ ਉਨ੍ਹਾਂ ਬਾਰੇ ਨਕਾਰਾਤਮਕ ਟਿੱਪਣੀਆਂ 'ਤੇ ਪ੍ਰਸਾਰਣ ਤੋਂ ਪਹਿਲਾਂ ਜਵਾਬ ਦੇਣ ਦਾ ਮੌਕਾ ਦੇਣਾ ਚਾਹੀਦਾ ਸੀ।

ਅਥਾਰਟੀ ਨੇ ਇਹ ਦਰ੍ਜ ਕਰਨ ਲਈ ਕੋਈ ਹੁਕਮ ਨਹੀਂ ਦਿੱਤੇ ਕਿ ਫ਼ੈਸਲੇ ਦਾ ਛਪਣਾ ਜਨਤਕ ਤੌਰ 'ਤੇ ਇਹ ਦੱਸਣ ਅਤੇ ਬ੍ਰਾਡਕਾਸਟਰ ਦੇ ਵਿਵਹਾਰ ਦੀ ਨਿੰਦਾ ਕਰਨ ਲਈ ਕਾਫ਼ੀ ਸੀ।

ਖ਼ਤਮ ਹੁੰਦਾ ਹੈ

ਹੋਰ ਜਾਣਕਾਰੀ ਲਈ ਕੇਟੀ ਮਰੇ ਨਾਲ **021 623 794** 'ਤੇ ਸੰਪਰਕ ਕਰੋ**।**

ਹੋਰ ਜਾਣਕਾਰੀ

ਕਬੱਡੀ ਇੱਕ ਛੂਹਣ ਵਾਲੀ ਖੇਡ ਹੈ, ਜਿਸ ਦੀ ਸ਼ੁਰੂਆਤ ਭਾਰਤ 'ਚ ਹੋਈ ਸੀ। ਇਸ ਵਿੱਚ ਸੱਤ ਖਿਡਾਰੀਆਂ ਦੀਆਂ ਦੋ ਟੀਮਾਂ ਹੁੰਦੀਆਂ ਹਨ, ਇੱਕ ਖਿਡਾਰੀ ਨੂੰ ਰੇਡਰ ਕਿਹਾ ਜਾਂਦਾ ਹੈ, ਜੋ ਆਪਣੀ ਟੀਮ ਲਈ ਅੰਕ ਜੋੜਦਾ ਹੈ। ਪ੍ਰਸਾਰਣ ਵਿੱਚ ਦੱਸੇ ਗਏ ਕਬੱਡੀ ਟੂਰਨਾਮੈਂਟ ਵਿੱਚ 10 ਟੀਮਾਂ ਨੇ ਭਾਗ ਲਿਆ ਸੀ, ਤਾਕਾਨੀਨੀ ਗੁਰਦੁਆਰੇ ਦੀ 13ਵੀਂ ਵਰ੍ਹੇਗੰਢ ਦੇ ਜਸ਼ਨਾਂ ਵੇਲੇ ਮਾਰਚ 2018 ਦੌਰਾਨ।

ਇਹ ਪ੍ਰੋਗਰਾਮ 12 ਮਾਰਚ, 2018 ਨੂੰ ਪਲੈਨੇਟ ਐੱਫਐੱਮ 'ਤੇ ਪ੍ਰਸਾਰਿਤ ਹੋਇਆ ਸੀ। ਪੂਰਾ ਫ਼ੈਸਲਾ ਇੱਥੇ ਉਪਲਬਧ ਹੈ http://bsa.govt.nz/decisions/latest। ਇਹ ਫ਼ੈਸਲਾ ਰੇਡੀਓ ਪ੍ਰਸਾਰਣ ਜ਼ਾਬਤੇ ਦੇ ਦਸਤੂਰ ਅਧੀਨ ਦਿੱਤਾ ਗਿਆ ਸੀ, ਜੋ ਇੱਥੇ ਉਪਲਬਧ ਹੈ http://bsa.govt.nz/standards/overview।

ਬ੍ਰਾਡਕਾਸਟਿੰਗ ਸਟੈਂਡਰਡਜ਼ ਅਥਾਰਟੀ ਬਾਰੇ

ਬੀਐੱਸਏ ਇੱਕ ਆਜ਼ਾਦ ਸਰਕਾਰੀ ਇਕਾਈ ਹੈ ਜੋ ਨਿਊਜ਼ੀਲੈਂਡ ਵਿੱਚ ਪ੍ਰਸਾਰਣ ਦੇ ਮਿਆਰਾਂ ਦੇ ਸ਼ਾਸਨ 'ਤੇ ਨਜ਼ਰ ਰੱਖਦੀ ਹੈ। ਬੀ. ਐੱਸ. ਏ. ਉਨ੍ਹਾ ਸ਼ਿਕਾਇਤਾ ਤੇ ਫੈਸਲਾ ਕਰਦੀ ਹੈ ਜਿਥੇ ਪ੍ਰਾਸਾਰਣ ਦੇ ਮਿਆਰਾਂ ਦੀ ਉਲੰਘਣਾ ਹੋਈ ਹੋਵੇ, ਖੋਜ ਕਾਰਜ ਕਰਦੀ ਹੈ ਅਤੇ ਪ੍ਰਸਾਰਣ ਦੇ ਮਿਆਰਾਂ ਦੀ ਪਰਸਾਰਕਾਂ ਨਾਲ ਸ੍ਲਾਹ ਕਰਕੇ ਨਿਗਰਾਨੀ ਕਰਦੀ ਹੈ

ਅਥਾਰਟੀ ਦੇ ਮੈਂਬਰ ਪੀਟਰ ਰੈਡਿਚ (ਚੇਅਰ), ਤੇ ਰੌਮਾਵ੍ਵਿਟੂ ਕੁਪੇਂਗਾ, ਪੌਲਾ ਰੋਜ਼ ਅਤੇ ਵੈਂਡੀ ਪਾਮਰ ਹਨ।

ਹੋਰ ਜਾਣਕਾਰੀ ਲਈ ਸਾਡੀ ਇਹ ਵੈੱਬਸਾਈਟ ਵੇਖੋ**: www.bsa.govt.nz**

This translation has been prepared by the Translation Service at the Department of Internal Affairs.